ੴ ਵਾਹਿਗੁਰੂ ਜੀ ਕੀ ਫਤਹਿ ॥

# ਸਵਾਗਤੀ ਐਡਰੈਸ

—ਜੋ—

## ਸ੍ਰ: ਪ੍ਰੀਤਮ ਸਿੰਘ ਜੀ 'ਰੰਗੀਆਂ' ਕਵੀਸ਼ਰ

—ਸਵਾਗਤੀ ਪ੍ਰਧਾਨ—

## ਖਾਲਸਾ ਬ੍ਰਾਦਰੀ ਕਾਨਫ੍ਰੰਸ ਬਰਨਾਲਾ

—ਵਲੋਂ—

੨੬ ਜੇਠ, ੮ ਜੂਨ ੧੯੪੬ ਨੂੰ ਪੜ੍ਹਿਆ ਗਿਆ।

—ਤੇ—

## ਸ੍ਰ: ਗੇਂਡਾ ਸਿੰਘ ਜੀ ਰੰਗੀਆਂ ਜ: ਸਕੱਤ੍ਰ

ਸਵਾਗਤ ਕਮੇਟੀ ਵਲੋਂ ਪ੍ਰਕਾਸ਼ਤ ਹੋਇਆ।

---

ਕਰਤਾਰ ਪ੍ਰੈਸ, (ਮਲਵਈ ਬੁੰਗਾ) ਅਮ੍ਰਿਤਸਰ ਵਿਚ ਛਪਿਆ ॥

Digitized by Panjab Digital Library | www.panjabdigilib.org

੧ ੳ ਸਤਿਗੁਰ ਪ੍ਰਸਾਦਿ ॥

ਸ੍ਰੀ ਮਾਨ ਜੋਗ ਪਰਧਾਨ ਸਾਹਿਬ ਜੀਉ !

ਮੈਂ ਆਪ ਜੀ ਤੇ ਸਰਬ ਸੰਗਤ ਨੂੰ ਸਚੇ ਦਿਲੋਂ ਸਰਧਾ ਦੇ ਫੁਲ ਝੜਾਉਂਦਾ ਹੋਇਆ ਧੰਨਵਾਦ ਕਰਦਾ ਹਾਂ ਕਿਉਂਕਿ ਜਿਹਨਾਂ ਨੇ ਪੰਡਾਲ ਵਿਚ ਪੁਜਕੇ ਦਰਸ਼ਨ ਦੇਕੇ ਸੰਗਤਾਂ ਨੂੰ ਕਿਰਤਾਰਥ ਕੀਤਾ ਹੈ ਅਤੇ ਦੀਵਾਨ ਦੀ ਰੌਣਕ ਨੂੰ ਸੁਭਾਏ ਮਾਨ ਕੀਤਾ ਹੈ ਮੈਂ ਆਪ ਜੀ ਨੂੰ ਵਧਾਈ ਦਿੰਦਾ ਹੋਇਆ ਜੀਓ ਆਇਆਂ ਆਖਦਾ ਹਾਂ:-

ਸਾਨੂੰ ਬਹੁਤ ਖੁਸ਼ੀ ਹੈ ਜੋ ਆਪ ਜੀ ਨੇ ਦਾਸਾਂ ਨੂੰ ਨਵਾਜਕੇ ਕਾਨਫਰੰਸ ਵਿਖੇ ਦਰਸ਼ਨ ਦੇਣ ਦੀ ਕਿਰਪਾਲਤਾ ਕੀਤੀ ਹੈ ਅਸੀਂ ਰਿਆਸਤਾਂ ਦੇ ਮਜ਼ਹਬੀ ਤੇ ਰਵਦਾਸੀਏ ਸਿਖ ਜਿਹਨਾਂ ਦੁਖਾਂ ਵਿਚ ਪਏ ਹੋਏ ਹਾਂ ਅਗਰ ਇਹਨਾਂ ਦੁਖਾਂ ਦਾ ਆਪ ਪਾਸ ਨੰਬਰਵਾਰ ਵਰਨਨ ਕਰਨ ਲਗੀਏ ਤਾਂ ਇਕ ਬਹੁਤ ਵਡੀ ਕਤਾਬ ਬਣ ਜਾਂਦੀ ਹੈ ਤੇ ਬਹੁਤ ਸਮੇਂ ਦੀ ਲੋੜ ਹੈ ਪਰ ਫੇਰ ਵੀ ਮੈਂ ਆਪ ਪਾਸ ਕੁਛ ੨ ਬੇਨਤੀਆਂ ਦੁਆਰਾ ਦੁਖ ਫੋਲਣੇ ਚਾਹੁੰਦਾ ਹਾਂ।

## ਵਿਗਾਰ

ਅਜ ਜਦੋਂ ਸਾਰੀ ਦੁਨੀਆਂ ਵਿਚ ਆਜ਼ਾਦੀ ਦੀ ਠੰਡੀ ਹਵਾ ਹਰ ਇਨਸਾਨ ਨੂੰ ਸ਼ਾਂਤੀ ਦੇ ਰਹੀ ਹੈ ਗੁਲਾਮੀ ਦੀਆਂ ਗਰਮ ਲੋਆਂ ਸਾਡੇ ਸਰੀਰ ਨੂੰ ਸਾੜ ਰਹੀਆਂ ਹਨ, ਬਿਨਾਂ ਪੁਛੇ ਬਿਨਾਂ ਦਸੇ ਸਾਡੀ ਮਰਜ਼ੀ ਬਿਨਾਂ ਕੀ ਪਟਵਾਰੀ ਜੈਲਦਾਰ ਕੀ ਪੁਲਸ ਸਾਰੇ ਖੋਤੇ ਵਾਂਗ ਭਾਰ ਢੁਕਾਈ ਤੋਰੀ ਫਿਰਦੇ ਹਨ ਇਕ ਇਕ ਪਿੰਡ ਵਿਚ ਇਕ ਇਕ ਦਿਨ ਵਿਚ ਸੌ ਸੌ ਵਗਾਰਾਂ ਦੇਣੀਆਂ ਪੈਂਦੀਆਂ ਹਨ। ਘਰ ਖਾਣ ਨੂੰ ਦਾਣਾ ਨਹੀਂ ਵਿਗਾਰ ਨੂੰ ਹੱਕ ਲਿਆ ਜਾਂਦਾ ਹੈ।

## ਹਕੂਕ

ਰਿਆਸਤਾਂ ਅੰਦਰ ਸਾਡੇ ਹਕੂਕ ਸਾਨੂੰ ਮਿਲਦੇ ਹੀ ਨਹੀਂ, ਪਤਾ ਨਹੀਂ ਏਥੇ ਸਾਡੀ ਗਿਣਤੀ ਇਨਸਾਨਾਂ ਵਿਚ ਹੈ ਜਾਂ ਕਿਸੇ ਹੋਰ ਵਿਚ, ਫੌਜ ਕੋਈ ਸਾਡੀ ਨਹੀਂ ਚੌਕੀਦਾਰ ਤੋਂ ਲੈਕੇ ਉਤਲੇ ਅਫਸਰਾਂ ਤਕ ਸਾਡੇ ਬੰਦੇ ਕਿਤੇ ਕੋਈ ਨਜ਼ਰ ਨਹੀਂ ਪੈਂਦੇ ਰਿਆਸਤ ਪਟਿਆਲਾ ਵਿਚ ਛੇਤੀ ਹੀ ਜੁਮੇਂਵਾਰ ਅਸੈਂਬਲੀ ਬਨਣ ਵਾਲੀ ਹੈ ਉਸ ਵਿਚ ਸਾਡੀਆਂ ਅਡਰੀਆਂ ਸੀਟਾਂ ਰਾਖਵੀਆਂ ਕੀਤੀਆਂ ਜਾਣ ਪੰਚੈਤ ਕਮੇਟੀਆਂ ਵਿਚ ਸਾਡੇ ਮੈਂਬਰ ਲਏ ਜਾਣ ਅਦਾਲਤੀ ਮਹਿਕਮਿਆਂ ਵਿਚ ਸਾਨੂੰ ਨੌਕਰੀਆਂ ਦਿਤੀਆਂ ਜਾਣੀਆਂ ਚਾਹੀਦੀਆਂ ਹਨ।

Digitized by Panjab Digital Library | www.panjabdigilib.org

ਪੜ੍ਹ 138

## ਜਰੈਤ ਪੇਸ਼ਾ

ਸਾਨੂੰ ਜ਼ਮੀਨ ਖਰੀਦਣ ਦੀ ਆਗਿਆ ਨਹੀਂ ਪਿੰਡਾਂ ਵਿਚ ਸਾਡੀ ਰੋਜ਼ ਬੇ-ਇਜ਼ਤੀ ਹੁੰਦੀ ਹੈ। ਜੇ ਸਾਡੇ ਵਿਚੋਂ ਸਾਡਾ ਭਰਾ ਕਿਸੇ ਜ਼ਿਮੀਂਦਾਰ ਨਾਲ ਕਿਸੇ ਗਲੋਂ ਲੜ ਪਏ ਉਸਨੂੰ ਪਿੰਡ ਦੀ ਸ਼ਾਮਲਾਟ ਵਿਚੋਂ ਮਿਟੀ ਦੀ ਮੁਠ ਵੀ ਨਹੀਂ ਚੁਕਣ ਦਿਤੀ ਜਾਂਦੀ ਅਗਰ ਸਾਡੇ ਪਾਸ ਵੀ ਜ਼ਮੀਨ ਹੋਵੇ ਅਸੀਂ ਵੀ ਬਰਾਬਰ ਦੂਜਿਆਂ ਭਰਾਵਾਂ ਦੇ ਭਰਾ ਬਣਕੇ ਦਸੀਏ।

## ਰੰਗੀਆਂ

ਪਿੰਡ ਰੰਗੀਆਂ ਦੇ ਜ਼ੈਲਦਾਰ ਬਚਨ ਸਿੰਘ ਨੇ ਜੋ ਸਾਡੇ ਰੰਗੀਆਂ ਨਿਵਾਸੀ ਭਰਾਵਾਂ ਦੇ ਨਾਲ ਕੀਤੀ ਹੈ ਉਸਦੇ ਦੁਖੜੇ ਜ਼ੁਮੇਂਵਾਰ ਅਫਸਰਾਂ ਨੂੰ ਸੁਣਾ ਸੁਣਾਕੇ ਅਸੀਂ ਅਕ ਗਏ ਹਾਂ ਪਰ ਸਾਡੇ ਠੂਠੇ ਵਿਚ ਰਿਆਸਤ ਵਲੋਂ ਅਜੇ ਤਕ ਖੈਰ ਨਹੀਂ ਪਈ। ਉਥੋਂ ਚਾਰ ਘਰ ਜ਼ੈਲਦਾਰ ਦੇ ਉਜਾੜੇ ਹੋਏ ਬਰਨਾਲੇ ਆ ਬੈਠੇ ਹਨ । ਵਿਚਾਰੀ ਮਾਤਾ ਭਾਗੀ ਉਸੇ ਤਰਾਂ ਘਰੋਂ ਕੱਢੀ ਹੋਈ ਘਰ ਵਿਚ ਵੜਨ ਨਹੀਂ ਦਿਤੀ, ਲੋਕਾਂ ਦੇ ਦਰ ਦਰ ਤੇ ਰੁਲਦੀ ਫਿਰਦੀ ਹੈ, ਮੁਕੱਦਮੇ ਕੀਤੇ ਹਨ, ਪਰ ਹੁਣ ਤਕ ਕੁਝ ਨਹੀਂ ਬਣਿਆ।

## ਵਿਦਯਾ

ਵਿਦਿਆ ਵਿਚ ਅਸੀਂ ਬਹੁਤ ਪਿਛੇ ਹਾਂ ਸਾਡੇ ਬਚਿਆਂ ਦੀ ਪੜ੍ਹਾਈ ਦਾ ਰਿਆਸਤ ਵਲੋਂ ਕੋਈ ਪ੍ਰਬੰਧ ਨਹੀਂ ਵਜ਼ੀਫੇ ਹੋਣ ਤੇ ਫੀਸਾਂ ਮੁਆਫ ਕੀਤੀਆਂ ਜਾਣ ਤਾਂ ਸਾਡੇ ਵਿਚ ਵਿਦਯਾ ਵੀ ਆ ਸਕਦੀ ਹੈ।

## ਅੰਤਮ ਬੇਨਤੀ

ਅੰਤ ਵਿਚ ਮੈਂ ਪ੍ਰਧਾਨ ਜੀ ਦਾ ਧੰਨਵਾਦ ਕਰਦਾ ਹਾਂ ਕਿ ਸਾਨੂੰ ਨੌਜਵਾਨ ਸਮੇਂ ਦੀ ਚਾਲ ਸਮਝਣ ਵਾਲੇ ਆਪ ਜੈਸੇ ਸਿਆਣੇ ਵਿਦ੍ਵਾਨ ਮਿਲੇ ਹਨ ਆਪ ਨੇ ਹੀ ਸਾਡੇ ਦੁਖਾਂ ਦਾ ਇਲਾਜ ਕਰਨਾ ਹੈ। ਅਸੀਂ ਆਪ ਜੀ ਦੇ ਪਸੀਨੇ ਦੀ ਥਾਂ ਖੂੰਨ ਡੋਹਲਕੇ ਆਪਦਾ ਸਾਥ ਦੇਵਾਂਗੇ ਵਾਹਿਗੁਰੂ ਆਪਨੂੰ ਲੰਬੀ ਉਮਰ ਬਖਸ਼ੇ ਤਾਕਿ ਅਸੀਂ ਆਪ ਪਾਸੋਂ ਕੌਮ ਦੀ ਸੇਵਾ ਲੈਕੇ ਕੌਮ ਨੂੰ ਉਚਿਆਂ ਕਰ ਸਕੀਏ ਮੈਂ ਕਾਨਫ੍ਰੰਸ ਵਲੋਂ ਆਪਦਾ ਧੰਨਵਾਦ ਕਰਦਾ ਹਾਂ ਤੇ ਨਾਲ ਹੀ ਭਰਾਵੋ ਤੁਹਾਨੂੰ ਵੀ ਮੈਂ ਬੇਨਤੀ ਕਰਦਾ ਹਾਂ ਕਿ ਖਾਲਸਾ ਬ੍ਰਾਦਰੀ ਵਿਚ ਭਰਤੀ ਹੋਕੇ ਕੌਮੀ ਜਥੇਬੰਦੀ ਦਾ ਸਬੂਤ ਦੇਵੋ ਤਾਕਿ ਅਸੀਂ ਇਕੱਠੇ ਹੋਕੇ ਦੁਖਾਂ ਦਾ ਖਾਤਮਾ ਕਰ ਸਕੀਏ।

★
★★
★★★

Digitized by Panjab Digital Library | www.panjabdigilib.org

1349 43



ਸਾਡਾ ਹੈ ਸੁਨੇਹਾ ਸਾਰੇ ਸਿੰਘਾਂ ਪਰਤੀ, ਸੁਨਾਉਣਾ ਏਸ ਘੜੀ 'ਚ
ਖਾਲਸਾ ਬ੍ਰਾਦਰੀ 'ਚ ਹੋ ਜਾਓ ਭਰਤੀ, ਪਰੋਏ ਜਾਓ ਲੜੀ 'ਚ।
ਕਾਰਜ ਤੁਹਾਡੇ ਛੇਤੀ ਆਉਣੇ ਰਾਸਤੇ, ਕਟੋ ਬੇ-ਅਰਾਮੀ ਨੂੰ।
ਕੌਮ ਦੀ ਅਣਖ ਨੂੰ ਜਗਾਉਣ ਵਾਸਤੇ, ਚੁਕ ਦਿਓ ਗੁਲਾਮੀ ਨੂੰ।
ਫੁਟ ਤੇ ਦਵੈਤ ਨੂੰ ਜੜੋਂ ਉਡਾ ਦਿਓ, ਦਿਲਾਂ ਵਿਚ ਰਚੇ ਨੂੰ।
ਥਾਂ ਥਾਂ ਸੋਮੇ ਅੰਮ੍ਰਿਤ ਦੇ ਚਲਾ ਦਿਓ, ਛਕਾ ਦਿਓ ਬਚੀ ਬਚੇ ਨੂੰ।
ਫੁਟ ਤਾਂਈਂ ਵਿਦਾ ਕਰ ਦੇਣੀ ਕਾਸਤੇ, ਪਾਕੇ ਤੇ ਸਲਾਮੀ ਨੂੰ। ਕੌਮ...
ਕੌਮ ਪਿਛੇ ਲਾਓ ਆਪਦੇ ਸਰੀਰ ਨੂੰ, ਕਿਉਂ ਦੂਰ ਦੂਰ ਬਹਿਣਾ ਹੈ।
ਖੁਆਰ ਹੋਕੇ ਮਿਲਣਾ ਪਊ ਅਖੀਰ ਨੂੰ, ਗੁਰਾਂ ਦਾ ਵੀ ਕਹਿਣਾ ਹੈ।
ਆਏ ਬਿਨਾਂ ਕਦੇ ਸਰਨਾ ਨਹੀਂ ਰਾਸਤੇ, ਜ਼ੁਲਮ ਦੇ ਹਾਮੀ ਨੂੰ। ਕੌਮ...
ਕੌਮ ਪਿਛੇ ਭਾਈ ਮਤੀ ਦਾਸ ਦਿਆਲੇ ਨੇ, ਤਸੀਹੇ ਸੀਸ ਤੇ ਸਹੇ।
ਦੋਨੇ ਭਾਈ ਪੀ ਕੇ ਮੌਤ ਦੇ ਪਿਆਲੇ ਨੂੰ, ਪਰ ਪਕੇ ਧਰਮ ਤੇ ਰਹੇ।
ਦੋਵੇਂ ਹੀ ਲਗਾ ਗਏ ਸੀਸ ਕੌਮ ਵਾਸਤੇ, ਜ਼ੁਲਮ ਹੈਰਾਨੀ ਨੂੰ। ਕੌਮ...
ਅਜੇ ਭਾਈਚਾਰਿਆ ਸੁਰਤ ਸਮਾਲ ਲੈ, ਜਰਾ ਕਰ ਹੋਸ਼ ਤੂੰ।
ਦੂਜੀਆਂ ਸਰੇਣੀਆਂ ਦੇ ਨਾਲ ਰਲ ਲੈ, ਹੋਵੇਂ ਕਿਉਂ ਬੇਹੋਸ ਤੂੰ।
ਕੁਲ ਕੌਮਾਂ ਤੇਰੇ ਨਾਲੋਂ ਅਗੇ ਲੰਗੀਆਂ ਨਿਗਾ ਮਾਰ ਲਾਂਬੀ ਨੂੰ। ਕੌਮ...
ਕੌਮੀ ਭਾਈ ਦਿਤ ਸਿੰਘ ਗਿਆਨੀ ਨੇ, ਪਦਾਇਸ਼ ਸਿਖੀ ਦੀ ਕਰੀ।
ਦਿਆ ਨੰਦ ਨਾਲ ਝਗੜੇ ਅਸੂਲਾਂ ਤੇ, ਜਮਾਤ ਆਰੀਆ ਹਰੀ।
ਜਿਤੇ ਸੀ ਇਤਹਾਸਾਂ ਦੇ ਰਸੂਖਾਂਨਾ, ਆਰੀਆਂ ਦੇ ਸਵਾਮੀ ਨੂੰ। ਕੌਮ...
ਮਹਾਰਾਜ ਪਾਸ ਸਾਡੀ ਅਰਜ਼ ਜੀ, ਏ ਮੰਗ ਪੂਰੀ ਕਰ ਦਿਓ।
ਜਰੈਤ ਪੇਸ਼ਾ ਹੱਕ ਹੋ ਜਾਏ ਪ੍ਰਵਾਨ ਜੀ, ਏ ਹਰਫ ਭਰ ਦਿਓ।
ਸਕੂਲ ਖੋਲੋ ਪਿੰਡੀ ਬਚੇ ਪੜਨ ਖਾਸ ਤੇ, ਕਰਨ ਅਰਾਮੀ ਨੂੰ। ਕੌਮ...
ਅਸੈਂਬਲੀ 'ਚ ਸੀਟਾਂ ਅੱਡ ਕਰੋ ਸਾਡੀਆਂ, ਟੁਮਾਇੰਦੇ ਚੁਣਿਓਂ ਆਪ ਜੀ।
ਅਸੀਂ ਕੁਲ ਨਾਲੋਂ ਫਾਡੀ ਹਾਂ, ਹੋ ਜਾਏ ਮਿਲਾਪ ਜੀ।
ਕਾਰਜ ਨੁਮਾਇੰਦੇ ਸਾਡੇ ਲਿਆਉਣ ਰਾਸਤੇ ਲੈਣਗੇ ਇਨਾਮੀ ਨੂੰ। ਕੌਮ...
ਜਿਨਾਂ ਚਿਰ ਮੰਗਾਂ ਹੁੰਦੀਆਂ ਨਹੀਂ ਪੂਰੀਆਂ, ਸਾਡੀਅ ਤਮਾਮ ਹੈ।
ਉਨਾਂ ਚਿਰ ਸਾਨੂੰ ਕਰਕੇ ਮਜ਼ੂਰੀਆਂ, ਬੈਠਣਾਂ ਹਰਾਮ ਹੈ।
ਮਤੇ ਪੇਸ਼ ਕਰਨੇ ਬਹੁਤ ਜਾਸਤੇ, ਬਹਿਕੇ ਸੂਬਾ ਸਿਆਮੀ ਨੂੰ। ਕੌਮ...
ਪ੍ਰੀਤਮ ਸਿੰਘ ਜੁੰਡੀ ਛਡੀ ਮਨ ਮਤ ਦੀ, ਰਲੇ ਕੌਮੀ ਲਾਨੇ 'ਚ।
ਟੰਟਾ ਸਾਰੇ ਦੁਖਾਂ ਦਾ ਛਡਾਂਗੇ ਵਢਕੇ, ਹੋਕੇ ਸਿਖੀ ਬਾਨੇ 'ਚ।
ਫਿਰਦੇ ਹੈਂ ਜਥੇਬੰਦੀ ਦੀ ਤਲਾਸ ਤੇ, ਖਟੋ ਨੇਕ ਨਾਮੀ ਨੂੰ। ਕੌਮ...

'ਪ੍ਰੀਤਮ ਸਿੰਘ'

Digitized by Panjab Digital Library | www.panjabdigilib.org